ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਦੱਸਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

ਮੋਗਾ ਬੋਲਦਾ ਹੈ
ਕਾਂਡ ਨੰ. 10
ਲੇਖਕ: ਸ. ਹਰਨੇਕ ਸਿੰਘ ਰੋਡੇ
ਪੇਸ਼ਕਸ਼: ਚਾਚੀ ਸਾਧੂ ਸਿੰਘ ਧੰਮੂ (ਮੋ. 98143-71922)

ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

ਗਿੱਲ ਰਾਜਾ ਪੀਰ ਦੀ ਬੰਸ

ਗਿੱਲ ਰਾਜਾ ਪੀਰ ਦੇ ਅੱਠ ਪੁੱਤਰ ਸਨ। ਵੱਡਾ ਸਾਹਨੀ ਸੀ ਅਤੇ ਛੋਟਾ ਢੁੱਡੀ ਸੀ। ਔਗੜ ਦੀ ਔਲਾਦ ਪਿੰਡ ਔਗੜ ਵਿਚ ਆਬਾਦ ਹੈ। ਇਸ ਦੀ ਬੰਸ ਥੋੜ੍ਹੀ ਵਧੀ ਹੈ। ਬਿੰਨੀ ਅਤੇ ਮੋਪਾਲ ਦੋਨੋਂ ਲਾਵਲਦ ਸਨ। ਕਾਂਗ ਪੁੱਤਰ ਰਾਜਾ ਦੀ ਬੰਸ ਕਾਵਾਂ ਵਾਲੇ ਪੱਤਣ ਦੇ ਇਰਦ-ਗਿਰਧ ਬਾਰਾਂ ਪਿੰਡ ਆਬਾਦ ਵਿਚ ਹਨ। ਕਾਲੂ ਦੀ ਔਲਾਦ ਵੀ ਕਾਵਾਂ ਵਾਲੇ ਪੱਤਣ ਦੇ ਪਿੰਡਾਂ ਵਿਚ ਹੀ ਰਹਿ ਰਹੀ ਹੈ। ਦੋਦਾ ਪੁੱਤਰ ਗਿੱਲ ਦੀ ਔਲਾਦ ਠੇਠਕ ਕਲਾਂ, ਠੇਠਕ ਖੁਰਦ ਵਿਚ ਰਹਿ ਰਹੀ ਹੈ।

ਇਸ ਤਰ੍ਹਾਂ ਢੁੱਡੀ ਅਤੇ ਸ਼ਾਹਣੀ ਦੀ ਬੰਸ ਬਹੁਤ ਵਧੀ। ਸਾਹਸੀ ਬਲਕਾਰ ਸਿੰਘ ਘੱਲ ਕਲਾਂ ਅਨੁਸਾਰ ਮੋਗੇ ਨੂੰ ਬਤਾਲੀਆ ਆਖਿਆ ਜਾਂਦਾ ਹੈ ਪਰ ਅਸਲ ਵਿਚ ਇਸਦਾ ਨਾਮ 'ਸ਼ਾਹਣੀ ਕਾ ਬਤਾਲੀਆ' ਹੈ। ਜਿਸਦੀ ਬੰਸ ਨੇ

ਬਤਾਲੀ ਪਿੰਡ ਆਬਾਦ ਕੀਤੇ ਹਨ। ਇਹ ਬਤਾਲੀ ਪਿੰਡ ਹਨ - ਢੁੱਡੀਕੇ, ਚੂਹੜ ਚੱਕ, ਮੱਦੋਕੇ, ਅਜੀਤ ਵਾਲ, ਨੱਥੂ ਵਾਲਾ ਜਦੀਦ, 7 ਕੌਕਰੀਆਂ, ਹੇਅਰ, ਰੌਲੀ, ਮਹਿਣਾ, ਚੁਗਾਵਾਂ, ਬੁੱਘੀਪੁਰਾ, ਮਹਿਰੋਂ, ਬਹੋਨਾ, ਤਾਰੇ ਵਾਲਾ, ਗੋਧੇ ਵਾਲਾ, ਚੁੱਪ ਕੀਤੀ, ਕੋਠੇ ਮੁਹੱਬਤ ਕੇ, ਦੁੰਨੇ ਕੇ, ਅਬਲ ਖੁਰਾਣਾ, ਲੰਡੇ ਕੇ ਅਤੇ ਕੰਡਿਆਲ।

ਇਸ ਤਰ੍ਹਾਂ ਹੀ ਚਾਰ ਪਿੰਡ ਇਲਾਕਾ ਫਿਰੋਜ਼ਪੁਰ ਵਿਚ ਹਨ - ਠੇਠਰ ਕਲਾਂ, ਠੇਠਰ ਖੁਰਦ, ਔਘੜ ਅਤੇ ਵਰੇ।

ਰਾਜਾ ਪੁੱਤਰ ਕਾਂਗ ਦੀ ਸਾਰੀ ਹੀ ਬੰਸ ਕਾਵਾਂ ਵਾਲੇ ਪੱਤਣ 'ਤੇ 12 ਪਿੰਡਾਂ ਵਿਚ ਵਸਦੀ ਹੈ।

ਰਾਜਾ ਪੀਰ ਤੋਂ ਅੱਗੇ ਇਹਨਾਂ ਪਿੰਡਾਂ ਨੇ ਬਹੁਤ ਵਿਕਾਸ ਕੀਤਾ। ਰਾਜਾ ਪੀਰ ਦਾ ਵੱਡਾ ਲੜਕਾ ਸ਼ਾਹਣੀ ਸੀ। ਇਹ ਬਹੁਤ ਗ਼ੈਰਤਮੰਦ ਅਤੇ ਅਣਖੀ ਸੂਰਮਾ ਸੀ। ਇਸਨੇ ਬਜ਼ੁਰਗਾਂ ਵਾਲੀ ਧਾਂਕ ਫਿਰ ਬਰਕਰਾਰ ਕਰ ਲਈ ਸੀ। ਇਹ ਇਕ ਚੌਧਰੀ ਸੀ ਜਿਸਨੂੰ ਪਿਤਾ ਪੁਰਖੀ ਵਿਰਾਸਤ ਵਿਚ ਚੌਧਰ ਮਿਲੀ ਸੀ। ਪਰ ਇਹ ਆਪਣੇ ਚੌਧਰ ਦੇ ਖਿਤਾਬ ਤੋਂ ਉੱਪਰ ਉੱਠ ਕੇ ਸ਼ਾਹੀ ਘਰਾਣਿਆਂ ਵਾਂਗ ਰਹਿੰਦਾ ਸੀ। ਬਹੁਤੇ ਫੈਸਲੇ ਇਹ ਸਭਾ ਸੱਦ ਕੇ ਆਪ ਰਾਜਿਆਂ ਵਾਂਗ ਬੈਠ ਕੇ ਨਿਬੇੜਦਾ ਹੁੰਦਾ ਸੀ ਤੇ ਕੀਤੇ ਹੋਏ ਫੈਸਲਿਆਂ ਨੂੰ ਲਾਗੂ ਵੀ ਕਰਦਾ ਸੀ। ਇਸਨੇ ਆਪਣੇ ਬਜ਼ੁਰਗੀ ਖਾਨਦਾਨ ਨੂੰ ਕਈ-ਕਈ ਮੀਲ ਦੂਰ ਤੱਕ ਖਿਲਾਰ ਦਿੱਤਾ ਸੀ। ਉਸ ਸਮੇਂ ਦੇ ਜਿਹੜੇ ਵਿਰੋਧੀ ਤਪੇਦਾਰ ਸਨ, ਉਨ੍ਹਾਂ ਨਾਲ ਲੜਾਈਆਂ ਕਰਕੇ ਜਿੱਤਾਂ ਪ੍ਰਾਪਤ ਕਰਕੇ ਇਸਨੇ ਆਪਣੇ ਭਾਈਆਂ ਨੂੰ ਪਿੰਡ ਬੰਨ੍ਹ ਕੇ ਦਿੱਤੇ ਅਤੇ ਆਪ ਉਹਨਾਂ ਪਿੰਡਾਂ ਦੀ ਰਾਖੀ ਵੀ ਕੀਤੀ। ਪਿੰਡ ਬੰਨ੍ਹਣ ਵਿਚ ਜੋ ਵੀ ਮੁਸ਼ਕਲਾਂ ਆਉਂਦੀਆਂ ਸਨ ਉਹ ਸ਼ਾਹਣੀ ਆਪ ਹੱਲ ਕਰਦਾ ਸੀ। ਗਿੱਲ ਖਾਨਦਾਨ ਨੂੰ ਸ਼ਾਹਣੀ ਖਾਨਦਾਨ ਵੀ ਕਿਹਾ ਜਾਂਦਾ ਹੈ। ਸ਼ਾਹਣੀ ਤੋਂ ਭਾਵ 'ਸ਼ਾਹੂਕਾਰ' ਯਾਨੀ ਇਹ ਖਾਨਦਾਨ ਮੁੱਢ ਤੋਂ ਹੀ ਸ਼ਾਹੀ ਘਰਾਣਾ ਹੈ। ਬੇਸ਼ੱਕ ਸਮੇਂ ਦੇ ਗੇੜ ਨੇ ਇਹਨਾਂ ਨੂੰ ਸ਼ਾਹੀ ਤਖ਼ਤਾਂ ਤੋਂ ਲਾਹ ਕੇ ਤਪੇਦਾਰ ਜਾਂ ਚੌਧਰੀ ਬਣਾ ਦਿੱਤਾ ਸੀ ਪਰ ਥਿੰਦੇ ਤਭਾਂਡੇ ਦੀ ਥਿੰਦਿਆਈ ਵਾਂਗ ਇਹਨਾਂ ਵਿਚੋਂ ਰਾਜਾਸ਼ਾਹੀ ਮਾਦਾ ਗਿਆ ਨਹੀਂ ਸੀ।

ਇਸ ਸ਼ਾਹਣੀ ਨੇ ਆਪਣੇ ਸਮੇਂ ਬਿਆਲੀ ਪਿੰਡ ਹੋਂਦ ਵਿਚ ਲਿਆਂਦੇ ਅਤੇ ਆਪਣੇ ਭਾਈਆਂ ਨੂੰ ਆਬਾਦ ਕੀਤਾ ਅਤੇ ਆਪ ਇੱਜ਼ਤ ਅਣਖ਼ ਨਾਲ ਜ਼ਿੰਦਗੀ ਬਿਤਾਈ ਅਤੇ ਆਪਣੇ ਪਿਤਾ ਅਤੇ ਗਿੱਲ ਖਾਨਦਾਨ ਦਾ ਸਿਰ ਉੱਚਾ ਕੀਤਾ। ਅੱਜ ਇਹਨਾਂ ਗਿੱਲਾਂ ਦੀ ਬੰਸ ਤਾਂ ਬਹੁਤ ਹੈ ਪਰ ਅੱਜ ਮੋਗੇ ਜ਼ਿਲ੍ਹੇ ਵਿਚ ਇਹ ਗਿੱਲ 'ਮੋਗਾ ਬਤਾਲੀਆ' ਕਰਕੇ ਮਸ਼ਹੂਰ ਹਨ। ਜੋ ਇਹਨਾਂ ਦੀਆਂ ਲਾਸਾਨੀ ਕੁਰਬਾਨੀਆਂ, ਦੂਰ ਦ੍ਰਿਸ਼ਟੀ ਅਤੇ ਪਿਤਾ ਪੁਰਖੀ ਵਿਸ਼ਾਲ ਸੋਚ ਕਰਕੇ ਹੀ ਹੈ।

ਇਸ ਗਿੱਲ ਬੰਸਾਵਲੀ ਵਿਚ ਅਗਲਾ ਚੌਧਰੀ ਸ਼ਾਹਣੀ ਦਾ ਪੁੱਤਰ ਅਤਲਾ ਹੋਇਆ। ਇਹ ਵੀ ਬਹੁਤ ਦੂਰ-ਅੰਦੇਸ਼ੀ ਚੌਧਰੀ ਸੀ। ਇਹ ਪਿਤਾ ਪੁਰਖੀ ਚੌਧਰ ਤੱਕ ਹੀ ਸੀਮਤ ਰਿਹਾ। ਇਸਨੇ ਗੁਆਂਢੀ ਤਪੇਦਾਰਾਂ ਨਾਲ ਭਿਆਲੀ ਸਾਂਝਾਂ ਪਾਈਆਂ ਅਤੇ ਉਹਨਾਂ ਨਾਲ ਮੇਲ-ਮਿਲਾਪ ਵਧਾ ਕੇ ਆਪਣੀ ਚੌਧਰ ਬਰਕਰਾਰ ਰੱਖੀ। ਇਸ ਨੇ ਆਪਣੇ ਸਮੇਂ ਵਿਚ ਕੋਈ ਵੀ ਲੜਾਈ ਨਹੀਂ ਲੜੀ। ਸਮੇਂ ਦੇ ਹਾਕਮਾਂ ਨਾਲ ਪਿਆਰ ਸਾਂਝਾਂ ਪਾ ਕੇ ਰੱਖੀਆਂ ਅਤੇ ਆਪਣਾ ਮਾਨ-ਸਨਮਾਨ ਬਣਾਈ ਰੱਖਿਆ।

ਅਗਲੀ ਚੌਧਰ ਦਾ ਮਾਲਕ ਇਸ ਦਾ ਪੁੱਤਰ ਭੋਜ ਹੋਇਆ। ਇਹ ਸਿੱਧ ਪੁਰਸ਼ ਸੀ। ਇਹਨੇ ਚੌਧਰੀ ਦੀ ਪਿਤਾ ਪੁਰਖੀ ਚੌਧਰ ਜ਼ਰੂਰ ਪ੍ਰਾਪਤ ਕੀਤੀ ਪਰ ਆਪਣੇ ਆਪ ਨੂੰ ਚੌਧਰੀ ਨਹੀਂ ਅਖਵਾਇਆ। ਸਿੱਧਾਂ ਪੁਰਖਾਂ ਦੀ ਤਰ੍ਹਾਂ ਜਨ-ਸੇਵਕ ਬਣ ਕੇ ਰਿਹਾ। ਜ਼ਿਆਦਾ ਸਮਾਂ ਸਾਧੂਆਂ ਸੰਤਾਂ ਕੋਲ ਬਿਤਾਉਂਦਾ ਸੀ। ਸਿੱਧ ਪੁਰਸ਼ਾਂ, ਸਾਧੂ ਮਹਾਤਮਾਂ ਨੂੰ ਭੰਡਾਰੇ ਕਰਨੇ ਅਤੇ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਵਿਚ ਇਹ ਖੁਸ਼ੀ ਮਹਿਸੂਸ ਕਰਦਾ ਸੀ। ਇਸਦੀ ਬਹੁਮੁੱਲੀ ਸਖ਼ਸ਼ੀਅਤ ਨੂੰ ਵੇਖ ਕੇ ਇਸ ਦੇ ਖਿੱਤੇ ਦੇ ਲੋਕ ਇਸਨੂੰ 'ਰਾਜਾ ਭੋਜ' ਵੀ ਕਹਿੰਦੇ ਸਨ।

ਇਸ ਰਾਜਾ ਭੋਜ ਦੀ ਬੰਸ ਵਿਚੋਂ ਅਗਲਾ ਚੌਧਰੀ ਸਲੇਮਾ ਹੋਇਆ। ਜੋ ਆਪਣੀ ਚੁਸਤੀ ਫੁਰਤੀ ਕਰਕੇ ਮਸ਼ਹੂਰ ਸੀ। ਇਸ ਚੌਧਰੀ ਨੇ ਮਸੋਂ ਦੇ ਤੂਰ ਕਬੀਲਿਆਂ ਨਾਲ ਚੰਗੀ ਬਣਾਈ। ਤੂਰ ਕਬੀਲਿਆਂ ਨਾਲ ਮਿਲ ਕੇ ਆਪਣੇ ਮਾਲ ਡੰਗਰ ਲਈ ਦੂਜੇ ਤੱਪੇਦਾਰਾਂ ਦੀਆਂ ਚਰਾਂਦਾਂ 'ਤੇ ਕਬਜ਼ੇ ਕੀਤੇ ਅਤੇ ਆਪਣੀ ਧਾਂਕ ਜਮਾਈ। ਇਹ ਆਪਣੇ ਜ਼ਮਾਨੇ ਦਾ ਖਾੜਕੂ ਚੌਧਰੀ ਸੀ। ਇਹ ਚਰਾਂਦਾਂ 'ਤੇ ਕਬਜ਼ੇ ਤਾਂ ਕਰਦਾ ਹੀ ਸੀ, ਨਾਲ ਹੀ ਇਹ ਦੂਜੇ ਚਾਰੂਆਂ ਦਾ ਮਾਲ ਡੰਗਰ ਵੀ ਧੱਕੇ ਨਾਲ ਹੱਕ ਲਿਆਉਂਦਾ ਸੀ। ਇਸ ਦੀ ਮੌਤ ਵੀ ਕੰਡਿਆਲ ਦੀ ਲੜਾਈ ਵਿਚ ਹੋਈ ਸੀ। ਕੰਡਿਆਲ ਦੀ ਢਾਬ ਉਸ ਸਮੇਂ ਬੜੀ ਮਸ਼ਹੂਰ ਸੀ। ਸਾਰੀਆਂ ਢਾਬਾਂ ਤੋਂ ਕਿਸੇ ਨਾ ਕਿਸੇ ਸਮੇਂ ਪਾਣੀ ਦੀ ਕਿੱਲਤ ਆ ਜਾਂਦੀ ਸੀ ਪਰ ਇਸ ਢਾਬ ਵਿੱਚੋਂ ਪਾਣੀ ਨਹੀਂ ਮੁੱਕਦਾ ਸੀ।

ਇਸ ਨਿਰਾਲੀ ਢਾਬ ਦੀ ਪਹਿਚਾਣ ਸੌ-ਸੌ ਕੋਹ ਤੱਕ ਸੀ। ਈਸੇ ਖਾਂ ਤੱਕ ਦੇ ਮਾਲ ਡੰਗਰ ਚਾਰਨ ਵਾਲੇ ਆਪਣੀ ਹੌਕੜ ਅਤੇ ਚੌਧਰ ਜਮਾਉਣ ਲਈ ਇਸ ਤਰ੍ਹਾਂ ਦੀਆਂ ਢਾਬਾਂ 'ਤੇ ਆਉਂਦੇ ਸਨ ਅਤੇ ਬਾਹੂਬਲ ਦੀ ਸ਼ਕਤੀ ਨਾਲ ਧੱਕਾ ਕਰਦੇ ਸਨ। ਸੰਘਰ ਬੈਰਾੜ ਕੇ ਬੈਰਾੜਾਂ ਨੇ ਵੀ ਈਸੇ ਖਾਂ ਕਿਆਂ ਦੀ ਮੱਦਦ ਨਾਲ ਇਸ ਢਾਬ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਗਿੱਲਾਂ ਨੇ ਇਹਨਾਂ ਨੂੰ ਸਫਲ ਨਹੀਂ ਹੋਣ ਦਿੱਤਾ ਸੀ।

ਸਲੇਮਾ ਚੌਧਰੀ ਬਹੁਤ ਹੀ ਖਾੜਕੂ ਸੁਭਾਅ ਦਾ ਮਾਲਕ ਸੀ। ਲੜਾਈ ਵਾਲੇ ਉਸਦੇ ਖਿਆਲ ਅਤੇ ਉਬਾਲ ਮਰਨ ਤੱਕ ਵੀ ਠੰਢੇ ਨਹੀਂ ਹੋਏ ਸਨ। ਆਪਣੀ ਚੌਧਰ ਦੇ ਘੇਰੇ ਨੂੰ ਵਿਸ਼ਾਲ ਕਰਨ ਅਤੇ ਜੰਗਲ ਦੇ ਇਲਾਕੇ ਦੀਆਂ ਢਾਬਾਂ ਅਤੇ ਚਰਾਂਦਾਂ ਦੇ ਕਬਜ਼ੇ ਕਰਦੇ ਦੀ ਹੀ ਇਸਦੀ ਮੌਤ ਇਕ ਲੜਾਈ ਦੇ ਮੈਦਾਨ ਵਿਚ ਹੀ ਹੋਈ ਸੀ।

ਇਸ ਸਲੇਮੇ ਚੌਧਰੀ ਦੀ ਅੱਗੇ ਬੰਸ ਬਹੁਤ ਵਧੀ ਸੀ। ਇਸ ਦੇ ਪੰਜ ਪੁੱਤਰ ਸਨ। ਵੱਡਾ ਅਮਰੋ, ਪਿਆਰਾ, ਤਾਰਾ, ਸਿਰੀਆ ਅਤੇ ਲੰਗਰ।

ਟਾਂਡੇ ਮੀਂਡੇ ਦੀ ਲੜਾਈ ਵਿਚ ਰਤਨ ਹਾਜੀ, ਲੱਖੀ ਭੱਟੀ ਅਤੇ ਬੈਰਾੜਾਂ ਦਾ ਮੁਕਾਬਲਾ ਗਿੱਲਾਂ ਅਤੇ ਧਾਲੀਵਾਲਾਂ ਨੇ ਡੱਟ ਕੇ ਕੀਤਾ ਸੀ। ਲੱਖੀ ਮੁਸਲਮਾਨ ਅਤੇ ਰਤਨ ਹਾਜੀ ਦੀ ਚੱਕ ਵਿਚ ਆਏ ਖਲੀਫਾ ਬਗਦਾਦ ਨੇ ਰਤਨ ਹਾਜੀ ਕਿਆਂ ਦੀ ਪੂਰੀ ਮੱਦਦ ਕੀਤੀ ਸੀ। ਜਿਸ ਦੇ ਫਲਸਰੂਪ ਗਿੱਲਾਂ ਅਤੇ ਧਾਲੀਵਾਲਾਂ ਦਾ ਬਹੁਤ ਨੁਕਸਾਨ ਹੋਇਆ ਸੀ। ਜਦ ਗਿੱਲਾਂ ਨੇ ਟਾਂਡਾ ਮੀਂਡਾ ਆਬਾਦ ਕੀਤਾ ਸੀ ਉਦੋਂ ਇਥੇ ਗਿੱਲਾਂ ਦੀਆਂ ਹੋਰ ਸ਼ਾਖਾਵਾਂ ਵੀ ਆਬਾਦ ਹੋ ਗਈਆਂ ਸਨ ਜਿਵੇਂ ਚੋਮੋ, ਝੱਲੀ, ਧਮੋਟ ਆਦਿ ਟਾਂਡਾ ਮੀਂਡਾ ਦੀ ਤਬਾਹੀ ਦੇ ਉਜਾੜੇ ਚੋਮੋ, ਝੱਲੀ, ਧਮੋਟ, ਅੰਬਾਲਾ ਵੱਲ ਨੂੰ ਨਿਕਲ ਗਏ ਅਤੇ ਬਾਰ੍ਹਵੀਂ ਸਦੀ ਦੇ ਆਰੰਭ ਵਿਚ ਬੋਧੀਆਂ ਦੇ ਪ੍ਰਤਾਪ ਦੇ ਸਮੇਂ ਝੱਲੀ ਗੋਤ ਦੇ ਗਿੱਲਾਂ ਨੇ ਪਾਇਲ ਨੂੰ ਆਪਣਾ ਕੇਂਦਰ ਮੰਨ ਕੇ ਇਸ ਦੇ ਆਸ-ਪਾਸ ਆਪਣੇ ਪਿੰਡ ਵਸਾਏ ਸਨ ਅਤੇ ਆਪਣੀ ਚੌਧਰ ਕਾਇਮ ਕੀਤੀ ਸੀ।

ਟਾਂਡੇ ਮੀਂਡੇ ਤੋਂ ਹੀ ਉੱਜੜ ਕੇ ਚੋਮੋ ਗਿੱਲਾਂ ਨੇ ਅੰਬਾਲੇ ਵਾਲੇ ਪਾਸੇ ਜਾ ਚੋਮੋ ਪਿੰਡ ਵਸਾਇਆ। ਇਹਨਾਂ ਚੋਮੋ ਗਿੱਲਾਂ ਵਿਚੋਂ ਹੀ ਰਾਇ ਮੋਖਾ ਦਾ ਵੱਡਾ ਪੁੱਤਰ ਹਰਪਾਲ ਚੌਧਰੀ ਹੋਇਆ। ਇਸਦੇ ਵੱਡੇ ਪੁੱਤਰ 'ਸਹਿਜਾ' ਨੇ 'ਸਿਹੋੜਾ' ਵਸਾਇਆ ਅਤੇ ਛੋਟੇ ਭਾਈ 'ਤ੍ਰੇਹਣ' ਨੇ ਆਪਣੇ ਬਜ਼ੁਰਗ ਦੇ ਨਾਂ 'ਤੇ ਧਮੋਟ ਵਸਾਇਆ।

ਫਿਰੋਜ਼ਸ਼ਾਹ ਤੁਗਲਕ ਸਮੇਂ ਇਥੇ ਕੁਦਰਤ ਦੀ ਕਰੋਪੀ ਨਾਲ ਚਾਰ ਸਾਲ ਕਾਲ ਪੈਂਦਾ ਰਹਿਆ ਤਾਂ ਇਥੋਂ ਦੇ ਚੌਧਰੀ ਮੋਖੇ ਗਿੱਲ ਨੇ ਸਾਰਾ (ਮਾਵਲਾ) ਹਾਲਾ ਆਪਣੇ ਪੱਲਿਓਂ ਤਾਰ ਦਿੱਤਾ ਸੀ। ਇਸ ਮੋਖੇ ਗਿੱਲ ਦੀਆਂ ਵਾਰਾਂ ਅੱਜ ਤੱਕ ਭੱਟ ਸਾਂਹਸੀ ਗਾਉਂਦੇ ਹਨ।

ਦੋਹੀ ਭਗਲੀ ਵਾਲੀ ਦੀ ਬੈਠੀ ਜੱਟੀ ਦੁੱਧ ਵਿਲਾਵੇ।

(ਚਲਦਾ)

ਬਦਲਾ ਲੈਣ ਦੀ ਕੋਸ਼ਿਸ਼

ਮਸਤੀ ਵਿੱਚ ਖੇਡਦੇ ਹੋਏ ਬੱਚੇ ਇੱਕਦਮ ਸਹਿਮ ਗਏ। ਉਹਨਾਂ ਵਾਂਗ ਹੀ ਉਹਨਾਂ ਦੇ ਕੁੱਤੇ ਜੋ ਭੁੱਖਮਰੀ ਜਾਂ ਕੁਪੋਸ਼ਣ ਦਾ ਸ਼ਿਕਾਰ ਹੋਏ ਲਗਦੇ ਨੇ। ਭੁੱਖੀਆਂ ਜਿਹੀਆਂ ਨਜ਼ਰਾਂ ਨਾਲ ਆਉਣ ਵਾਲੀਆਂ ਵੱਡੀਆਂ-ਵੱਡੀਆਂ ਕਾਰਾਂ ਵੱਲ ਝਾਕਣ ਲੱਗੇ। ਜਿਵੇਂ ਰੰਗ ਵਿੱਚ ਭੰਗ ਪੈ ਗਿਆ ਹੁੰਦਾ। ਅਜੇ ਕਈਆਂ ਦੀਆਂ ਵਾਰੀਆ ਇੱਕ ਦੂਜੇ ਸਿਰ ਵਸੂਲ ਕਰਨ ਵਾਲੀਆਂ ਰਹਿੰਦੀਆਂ ਸਨ। ਖੇਡ ਦਾ ਪੂਰਾ ਅਨੰਦ ਬੱਝਿਆ ਹੋਇਆ ਸੀ। ਇਹ ਮਰੀਅਲ ਜਿਹੇ ਕੁੱਤੇ ਉਹਨਾਂ ਲਈ ਬੇਹੱਦ ਕੀਮਤੀ ਖਿਡਾਉਣਿਆਂ ਸਮਾਨ ਹਨ। ਜਿੰਨਾ ਨੂੰ ਉਹ ਬੈਲ ਘੋੜੇ ਜਾਂ ਮੋਟਰਸਾਈਕਲ ਆਦਿ ਬਣਾ ਕੇ ਖੇਡ ਰਹੇ ਹਨ ਤੇ ਆਪਣੇ ਖਾਣ ਵਸਤਾਂ ਦੇ ਡੋਰ ਚੋਰ ਕੁੱਤਿਆਂ ਨਾਲ ਵੰਡ ਕੇ ਖਾ ਰਹੇ ਹਨ।

ਇਹ ਕੁੱਤੇ ਉਹਨਾਂ ਦੇ ਆਪਣੇ ਸਨ ਜਿੰਨਾਂ ਤੇ ਕਿਸੇ ਵੀ ਇੱਕ ਬੱਚੇ ਦੀ ਜਾਂ ਕਿਸੇ ਇੱਕ ਘਰ ਦੀ ਮਾਲਕੀ ਨਹੀਂ ਸੀ । ਸ਼ਾਇਦ ਇਹ ਆਵਾਰਾ ਜਿਹੇ ਲੁੱਟਰ ਕੁੱਤੇ ਬਸਤੀ ਦੀ ਹੀ ਕੋਈ ਜਾਇਦਾਦ ਹਨ। ਜੋ ਸਭ ਦੇ ਸਾਂਝੇ ਤੇ ਸਭ ਦੇ ਹੀ ਘਰਾਂ 'ਚੋਂ ਖਾਂਦੇ ਹਨ। ਇਸ ਬਸਤੀ ਦੇ ਲੋਕਾਂ ਵਾਂਗ ਹੀ ਇਹਨਾਂ ਦੀਆਂ ਕਈ ਪੀੜੀਆਂ ਵੀ ਇੱਥੇ ਹੀ ਪੈਦਾ ਹੋਈਆਂ ਤੇ ਗੁਜ਼ਰੀਆ ਨੇ। ਕਈ ਵਾਰ ਹੋਰ ਵੀ ਕਈ ਆਵਾਰਾ ਕੁੱਤੇ ਜਾਂ ਛੋਟੇ ਪਿੱਲੇ ਆ ਰਲਦੇ ਜੋ ਕਿਸੇ ਨੇੜੇ ਤੇੜੇ ਦੇ ਪਿੰਡ ਦੇ ਵੱਧ ਆਮਦ ਹੋਣ ਤੇ ਵੇਲਾ ਕੁਵੇਲਾ ਦੇਖ ਕੇ ਇੱਥੇ ਬਸਤੀ ਦੇ ਨੇੜੇ ਛੱਡ ਜਾਂਦੇ। ਪਹਿਲਾਂ ਤਾਂ ਬਸਤੀ ਦੇ ਕੁੱਤੇ ਘੂਰਦੇ ਪਰ ਫੇਰ ਜਲਦੀ ਹੀ ਇਹਨਾਂ ਨੂੰ ਸਵੀਕਾਰ ਕਰ ਲੈਂਦੇ ਜਿਵੇਂ ਉਹਨਾਂ ਨੂੰ ਆਪਣੇ ਵਰਗੇ ਦੇਖ ਕੇ ਹੀ ਤਰਸ ਆ ਜਾਂਦਾ ਹੋਵੇ। ਬੱਚੇ ਭਵੱਤਰੀ ਜਿਹੀ ਨਿਗਾਹ ਨਾਲ ਗੱਡੀਆ ਵੱਲ ਦੇਖਣ ਲੱਗੇ। ਗੱਡੀਆਂ ਵਿੱਚੋਂ ਪਹਿਲਾ ਪੁਲਸ ਮੁਲਾਜ਼ਮ ਹੇਠਾਂ ਉੱਤਰੇ ਤੇ ਬੱਚਿਆਂ ਦੇ ਤਰਾਹ ਨਿਕਲਣ ਵਾਲੇ ਹੋਗੇ। ਜਿਵੇਂ ਫੇਰ ਬਸਤੀ ਤੇ ਕੋਈ ਆਫਤ ਆ ਗਈ ਹੋਵੇ। ਇਹ ਪੁਲਸ ਵਾਲੇ ਜਦੋਂ ਆਉਂਦੇ ਗੰਦੀਆਂ ਗਾਲ੍ਹਾਂ ਕੱਢਦੇ ਕਿਸੇ ਨਾ ਕਿਸੇ ਨੂੰ ਫੜਦੇ ਦਬਕੇ ਮਾਰਦੇ ਤੇ ਉਹ ਡਰ ਨਾਲ ਜਿੱਥੇ ਵੀ ਹੁੰਦੇ ਉੱਥੇ ਹੀ ਦੜ ਜਾਂਦੇ। ਪਰ ਇਹ ਕੀ ਪੁਲਸ ਵਾਲੇ ਤਾਂ ਖਿੱਲਰ ਕੇ ਸਿਆਣੇ ਜਿਹੇ ਬਣ ਕੇ ਖੜ੍ਹ ਗਏ ਤੇ ਦੂਜੀਆਂ ਗੱਡੀਆਂ ਵਿੱਚੋਂ ਕਾਫੀ ਸਾਰੇ ਆਦਮੀ ਉਤਰ ਕੇ ਤੁਰੇ ਆਉਂਦੇ ਹਨ। ਇਹ ਬਣੇ ਤਣੇ ਦੁੱਧ ਵਰਗੇ ਕੱਪੜੇ ਪਹਿਨੇ ਕਿਵੇ ਸੜਿਆਣ ਮਾਰਦੀ ਬਸਤੀ ਵਿੱਚ ਆ ਗਏ। ਹੁਣ ਤੱਕ ਤਾਂ ਬੱਚੇ ਪਛਾਣ ਚੁੱਕੇ ਸਨ ਕਿ ਇਹ ਤਾਂ ਉਹ ਹਵੇਲੀਆ ਵਾਲੇ ਹਨ ਜਿੰਨਾਂ ਦੇ ਬੂਹਿਓਂ ਉਹ ਕਦੇ ਗਲਤੀ ਨਾਲ ਵੀ ਲੰਘ ਜਾਣ ਤਾਂ ਉਹਨਾਂ ਦੇ ਵੱਡੇ-ਵੱਡੇ ਸ਼ੇਰਾਂ ਵਰਗੇ ਕੁੱਤੇ ਉਹਨਾਂ ਨੂੰ ਖਾਣ ਨੂੰ ਪੈਂਦੇ ਹਨ। ਕਦੇ ਉਹ ਕਬਾੜ ਹੋਈਆਂ ਚੀਜ਼ਾਂ ਜਾਂ ਪਲਾਸਟਿਕ ਦੇ ਲਿਫਾਫੇ ਵਗੈਰਾ ਇਕੱਠੇ ਕਰਨ ਜਾਣ ਤਾਂ ਕਈ ਵਾਰ ਉਹ ਜਾਣਬੁੱਝ ਕੇ ਵੀ ਕੁੱਤੇ ਉਹਨਾਂ ਦੇ ਮਗਰ ਪਾ ਦਿੰਦੇ ਕੇ ਕਿਤੇ ਕੋਈ ਸਮਾਨ ਚੋਰੀ ਨਾ ਕਰ ਲੈਣ। ਉਹ ਡਰੇ ਹੋਏ ਕਾਫੀ ਦੂਰ ਤੱਕ ਭੱ